Sr.No.1152

Exam Code: 110601
Subject Code : 2745

**Bachelor of Vocation (Fashion Technology) - Ist Semester**
**(Batch 2021-24)**
**(2221)**
**Paper-II (i) : Punjabi Compulsory**

**Time allowed: 3 hrs.** **Max. Marks: 50**

ਨੋਟ: ਕੁੱਲ ਪੰਜ ਪ੍ਰਸ਼ਨ ਕਰੋ।ਹਰ ਭਾਗ ਵਿਚੋਂ ਇੱਕ ਪ੍ਰਸ਼ਨ ਕਰਨਾ ਜ਼ਰੂਰੀ ਹੈ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

ਭਾਗ-ੳ

1. 'ਰੁੱਖ' ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

2. 'ਸਾਂਝ' ਕਹਾਣੀ ਦਾ ਸਾਰ ਲਿਖੋ।

ਭਾਗ-ਅ

3. '1917 ਤੋਂ ਪਹਿਲਾ ਦਾ ਰੂਸ' ਦਾ ਵਿਸ਼ਾ-ਵਸਤੂ ਲਿਖੋ।

4. 'ਨਾਭਾ ਮੋਰਚਾ' ਦਾ ਸਾਰ ਲਿਖੋ।

ਭਾਗ-ੲ

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇੱਕ ਉੱਪਰ ਪੈਰ੍ਹਾ ਰਚਨਾ ਕਰੋ।
ੳ. ਦੁਸਿਹਰਾ ਅ. ਗੁਰੂ ਨਾਨਕ ਦੇਵ ਜੀ ੲ. ਗੁਰੂ ਤੇਗ਼ ਬਹਾਦਰ ਜੀ

6. ਹੇਠ ਲਿਖਿਆ ਪੈਰ੍ਹਾ ਪੜ੍ਹਕੇ ਪ੍ਰਸ਼ਨਾਂ ਦੇ ਉੱਤਰ ਦਿਓ।
ਮਨ ਦੇ ਖੋਜੀ ਨੂੰ ਮਨ ਵਿਚ ਹੀ ਸਾਰੀਆਂ ਦੌਲਤਾਂ ਹਨ, ਮਨ ਵਿਚ ਵਿਸ਼ਰਾਮ ਹੈ, ਮਨ ਵਿਚ ਨਰਕ-ਸਵਰਗ ਹਨ। ਬਾਹਰੋਂ ਉਸਨੂੰ ਨਾ ਕਿਸੇ ਚੀਜ਼ ਦੀ ਲੋੜ ਹੈ, ਨਾ ਹੀ ਕਿਸੇ ਨਾਲ ਪਿਆਰ, ਨਾ ਡਰ, ਨਾ ਭੈਅ। ਮਨ ਦੀ ਮੌਜ ਹੀ ਉਸਦੀ ਵੱਡੀ ਮੌਜ ਹੈ। ਜਿਸ ਰੰਗ ਵਿਚ ਮਨ ਬਾਹਰ ਦੀਆਂ ਚੀਜ਼ਾਂ ਨੂੰ ਰੰਗਣਾ ਚਾਹੇ ਉਹੀ ਰੰਗ ਚੜ੍ਹ ਜਾਂਦਾ ਹੈ। ਵੱਡੇ ਤੋਂ ਵੱਡੇ ਸਰੀਰ ਦੇ ਦੁੱਖ ਨੂੰ ਮਨ ਝੱਲ ਹੀ ਨਹੀਂ ਲੈਂਦਾ ਸਗੋਂ ਜਦ ਸਰੀਰ ਕਸ਼ਟ ਝੱਲ ਰਿਹਾ ਹੁੰਦਾ ਹੈ ਤਾਂ ਮਨ ਉਸੇ ਵਿਚੋਂ ਆਪਣੀ ਮੌਜ ਨਾਲ ਸੁੱਖ ਲੈ ਰਿਹਾ ਹੁੰਦਾ ਹੈ। ਆਸ਼ਕ ਕਿਉਂ ਸੂਲੀ ਤੇ ਚੜ੍ਹਨ ਨੂੰ ਤਿਆਰ ਰਹਿੰਦਾ ਹੈ। ਕਿਉਂਕਿ ਸਰੀਰ ਨੂੰ ਸੂਲੀ ਦਾ ਓਨਾ ਦੁੱਖ ਨਹੀਂ ਆਉਂਦਾ ਜਿੰਨਾਂ ਆਨੰਦ ਉਸ ਦੇ ਮਨ ਨੂੰ ਆ ਰਿਹਾ ਹੁੰਦਾ ਹੈ। ਕਿਉਂਕਿ ਉਹ ਮਹਿਬੂਬ ਦੇ ਹੁਕਮ ਵਿਚ ਸੂਲੀ ਚੜ੍ਹ ਰਿਹਾ ਹੁੰਦਾ ਹੈ।
ੳ. ਮਨ ਦੇ ਖੋਜੀ ਲਈ ਮਨ ਵਿਚ ਕੀ ਕੀ ਹੁੰਦਾ ਹੈ?
ਅ. ਉਹਦੇ ਲਈ ਵੱਡੀ ਮੌਜ ਕਿਹੜੀ ਹੈ?
ੲ. ਆਸ਼ਕ ਸੂਲੀ ਤੇ ਚੜ੍ਹਨ ਲਈ ਕਿਉਂ ਤਿਆਰ ਰਹਿੰਦਾ ਹੈ?
ਸ. ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।
ਹ. ਮੋਟੇ ਸ਼ਬਦਾਂ ਦੇ ਅਰਥ ਲਿਖੋ।

ਭਾਗ-ਸ

7. ਭਾਸ਼ਾ ਅਤੇ ਉਪਭਾਸ਼ਾ ਵਿਚਲਾ ਅੰਤਰ ਸਪੱਸ਼ਟ ਕਰੋ।

8. ਪੰਜਾਬੀ ਉਪਭਾਸ਼ਾਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਓ।

********